**ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ।**
ਸੈਕਟਰ 36 ਏ, ਪਲਾਟ ਨੰ: 1 ਏ, ਚੰਡੀਗੜ੍ਹ। ਫੈਕਸ 614622, ਫੋਨ 5022301, 5022367, 5022364, 5022357
ਵੈਬਸਾਇਟ : www.dtepunjab.gov.in, ਈ ਮੇਲ : dit_trg@yahoo.in

---

**(ਉਯੋਗਿਕ ਸਿਖਲਾਈ ਵਿੰਗ)**
**ਦਾਖਲਾ ਨੋਟਿਸ ਸੈਸ਼ਨ 2010**
**ਚੌਥੀ ਅਤੇ ਆਖਰੀ ਕੌਂਸਲਿੰਗ**

ਪੰਜਾਬ ਰਾਜ ਦੀਆਂ ਸਰਕਾਰੀ ਸੰਸਥਾਵਾਂ ਵਿਚ ਸੈਂਟਰ ਆਫ ਐਕਸੀਲੈਂਸ, ਸਰਕਾਰੀ ਅਤੇ ਗੈਰ ਸਰਕਾਰੀ ਐਫੀਲੇਟਿਡ, ਸੰਸਥਾਵਾਂ ਵਿੱਚ ਕਰਾਫਟਸਮੈਨ ਸਕੀਮ ਅਧੀਨ ਨੈਸਨਲ ਕੌਂਸਲ ਫਾਰ ਵੋਕੇਸ਼ਨਲ ਟ੍ਰੇਨਿੰਗ ਕੋਰਸਾਂ ਲਈ ਅਤੇ ਸਟੇਟ ਕੌਂਸਲ ਫਾਰ ਵੋਕੇਸ਼ਨਲ ਟ੍ਰੇਨਿੰਗ (ਆਰਟ ਐਂਡ ਕਰਾਫਟਸ ਟੀਚਰ ਟ੍ਰੇਨਿੰਗ ਕੋਰਸ/ ਪੰਜਾਬੀ ਸਟੈਨੋਗ੍ਰਾਫੀ) ਕੋਰਸਾਂ ਲਈ ਸੈਸ਼ਨ 2010 (ਚੌਥੀ ਤੇ ਆਖਰੀ ਕੌਂਸਲਿੰਗ) ਵਿਚ ਹੇਠ ਦਰਸਾਈਆਂ ਮਿਤੀਆਂ ਅਨੁਸਾਰ ਦਾਖਲਾ ਹੋਵੇਗਾ। ਇਹ ਦਾਖਲਾ ਸਬੰਧਤ ਸੰਸਥਾਵਾਂ ਵਿਚ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਦੀ ਪ੍ਰਧਾਨਗੀ ਹੇਠ ਗਠਿਤ ਕੀਤੀ ਦਾਖਲਾ ਚੋਣ ਕਮੇਟੀ ਵਲੋਂ ਕੀਤਾ ਜਾਵੇਗਾ:-

| | **ਚੌਥੀ ਕੌਂਸਲਿੰਗ** | **ਦਿਨ** |
|---|---|---|
| ਅਰਜੀਆਂ ਲੈਣ ਦੀ ਆਖਰੀ ਮਿਤੀ: | 27-09-2010 | ਸੋਮਵਾਰ |
| ਮੈਰਿਟ ਲਿਸ਼ਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ (ਦੁਪਿਹਰ ਪਹਿਲਾਂ) | 29-09-2010 | ਬੁੱਧਵਾਰ |
| ਮੈਰਿਟ ਲਿਸ਼ਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ (ਦੁਪਿਹਰ ਬਾਦ) | 29-09-2010 | ਬੁੱਧਵਾਰ |
| ਜਨਰਲ ਕੈਟਾਗਰੀ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਊ ਦੀ ਮਿਤੀ (ਦੁਪਹਿਰ ਪਹਿਲਾਂ) | 30-09-2010 ਦੁਪਹਿਰ ਪਹਿਲਾਂ | ਵੀਰਵਾਰ |
| ਸਮੂਹ ਰਿਜਰਵ ਕੈਟਾਗਰੀਆਂ ਨਾਲ ਸਬੰਧਤ ੳਮੀਦਵਾਰਾਂ ਦੀ ਇੰਟਰਵਿਊ ਦੀ ਮਿਤੀ:(ਦੁਪਹਿਰ ਬਾਦ) | 30-09-2010 ਦੁਪਹਿਰ ਬਾਦ | ਵੀਰਵਾਰ |
| ਸਮੂਹ ਰਿਜਰਵ ਕੈਟਾਗਰੀ ਨਾਲ ਸਬੰਧਤ ਜੋ ਸੀਟਾਂ ਖਾਲੀ ਰਹਿ ਜਾਣਗੀਆਂ, ਉਹ ਮਿਤੀ 30-09-10 ਨੂੰ ਉਸ ਉਪਰੰਤ ਜਨਰਲ ਕੈਟਾਗਰੀ ਦੇ ਉਮੀਦਵਾਰਾਂ ਦੇ ਵਿਚੋਂ ਭਰੀਆਂ ਜਾਣਗੀਆਂ। ਇਸ ਤੋਂ ਇਲਾਵਾ ਰਾਜ ਸਰਕਾਰ ਦੀ ਨੋਟੀਫਿਕੇਸ਼ਨ ਨੰ: 2/12/2005-2TE (1)980, ਮਿਤੀ: 23-06-05 ਦੇ ਪੈਰਾ 5(C) ਅਨੁਸਾਰ ਦਾਖਲਾ ਕਰਨ ਦੀ ਮਿਤੀ: (ਦੁਪਹਿਰ ਬਾਦ) | 30-09-2010 ਦੁਪਹਿਰ ਬਾਦ | ਵੀਰਵਾਰ |
| ਕਲਾਸਾਂ ਲਗਾਉਣ ਦੀ ਮਿਤੀ | 01-10-2010 | ਸੁਕਰਵਾਰ |

ਵਿਭਾਗ ਵਲੋਂ ਜਾਰੀ ਪੱਤਰ ਨੰ:ਆਈਟੀ/ਟ੍ਰੇ/ਦਾਖਲਾ/10/4099-4424 ਮਿਤੀ 19-05-10, ਸਮੇਂ-ਸਮੇਂ ਤੇ ਦਾਖਲੇ ਸਬੰਧੀ ਜਾਰੀ ਹਦਾਇਤਾਂ ਅਤੇ ਵਿਗਿਆਪਨ ਵਿੱਚ ਦਿੱਤੀਆਂ ਹਦਾਇਤਾਂ ਲਾਗੂ ਰਹਿਣਗੀਆਂ।

ਡੀਜੀਈਟੀ ਭਾਰਤ ਸਰਕਾਰ ਦੀ ਐਨ.ਸੀ.ਵੀ.ਟੀ. ਦੀ ਸਬ ਕਮੇਟੀ ਦੀ ਮਿਤੀ: 26-08-10 ਦੀ ਮੀਟਿੰਗ ਵਿਚ ਸੋਲਾਂ (16) ਨਵੇਂ ਗੈਰ ਸਰਕਾਰੀ ਕੇਂਦਰਾਂ ਨੂੰ ਐਫੀਲੇਸ਼ਨ ਦਿੱਤੀ ਗਈ ਹੈ, ਦੀ ਲਿਸ਼ਟ ਵਿਭਾਗ ਦੀ ਵੈਬਸਾਇਟ ਤੇ ਦੇਖੀ ਜਾ ਸਕਦੀ ਹੈ।

ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵਿਚ ਦਾਖਲੇ ਲਈ ਪ੍ਰਾਸਪੈਕਟਸ ਨਿਰਧਾਰਤ ਕੀਮਤ 75/-ਰੁਪਏ (ਕੇਵਲ ਪਝੱਤਰ ਰੁਪਏ) ਦੇ ਕੇ ਸਬੰਧਤ ਸਰਕਾਰੀ ਸੰਸਥਾ ਵਿੱਚੋ ਪ੍ਰਾਪਤ ਕੀਤਾ ਜਾ ਸਕਦਾ ਹੈ, ਜਿਸ ਵਿੱਚ ਦਾਖਲੇ ਸਬੰਧੀ ਸਾਰੀਆਂ ਸ਼ਰਤਾਂ ਦਿੱਤੀਆਂ ਹੋਈਆਂ ਹਨ। ਗੈਰ ਸਰਕਾਰੀ ਸੰਸਥਾਵਾਂ ਵਲੋਂ ਵੀ ਸਰਕਾਰੀ ਪ੍ਰਾਸਪੈਕਟ ਤੇ ਹੀ ਬਿਨੈ-ਪੱਤਰ ਪ੍ਰਾਪਤ ਕੀਤੇ ਜਾਣਗੇ। ਵਧੇਰੇ ਜਾਣਕਾਰੀ ਲਈ ਵਿਭਾਗ ਦੀ ਵੈਬ-ਸਾਈਟ http:www.dtepunjab.gov.in ਵੇਖੀ ਜਾ ਸਕਦੀ ਹੈ। ਦਾਖਲੇ ਲਈ ਚਾਹਵਾਨ ਬਿਨੈਕਾਰ ਪ੍ਰਾਸਪੈਕਟ ਅਤੇ ਦਾਖਲਾ ਫਾਰਮ ਵੈਬਸਾਇਟ ਤੋਂ down load ਕਰਕੇ ਅਪਲਾਈ ਕਰ ਸਕਦੇ ਹਨ। ਜੋ ਬਿਨੈਕਾਰ ਵੈਬਸਾਇਟ ਤੋਂ ਦਾਖਲਾ ਫਾਰਮ down load ਕਰਕੇ ਅਪਲਾਈ ਕਰਨਗੇ, ਉਹ ਕੇਵਲ 25/- ਰੁਪਏ ਦਾ ਬੈਂਕ ਡਰਾਫਟ ਲਗਾ ਕੇ ਸਬੰਧਤ ਸੰਸਥਾ ਵਿੱਚ ਅਪਲਾਈ ਕਰਨਗੇ।

ਸਾਰੀਆਂ ਸੰਸਥਾਵਾਂ ਦੇ ਮੁੱਖੀ ਦਾਖਲੇ ਉਪਰੰਤ ਦਾਖਲਾ ਸੂਚਨਾ ਕੈਟਾਗਰੀ ਵਾਈਜ਼ ਤਿਆਰ !ਕਰਕੇ ਮਿਤੀ 01-10-2010 ਤੱਕ ਮੁੱਖ ਦਫ਼ਤਰ ਟ੍ਰੇਨਿੰਗ ਸ਼ਾਖਾ ਨੂੰ ਦਸਤੀ ਤੌਰ ਤੇ ਭੇਜਣਗੇ। ਇਹ ਸੂਚਨਾ e-mail: dit_trg@yahoo.in ਤੇ ਵੀ ਭੇਜੀ ਜਾਵੇ। ਮੁਕੰਮਲ ਮੈਰਿਟ ਸੂਚੀਆ/ ਦਾਖਲਾ ਸੂਚੀਆਂ ਮਿਤੀ: 04-10-10 ਤੱਕ ਭੇਜੀਆਂ ਜਾਣ। ਚੇਅਰਮੈਨ ਦਾਖਲਾ ਚੋਣ ਕਮੇਟੀ-ਕਮ- ਉਪ ਮੰਡਲ ਮੈਜਿਸਟ੍ਰੇਟ/ ਜਿਲਾ ਭਲਾਈ ਅਫਸਰ ਤੋਂ ਬਿਨ੍ਹਾਂ ਤਸਦੀਕ ਕੀਤੇ ਭੇਜੀਆਂ ਦਾਖਲਾ ਸੂਚੀਆਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ।

ਮਿਤੀ, ਚੰਡੀਗੜ੍ਹ: 08-09-10

ਵੀ.ਕੇ. ਸ਼ਰਮਾ ਆਈ.ਏ.ਐਸ.
ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।